# ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ) ਬਠਿੰਡਾ

**Room No.455, Mini Secretariate, 3rd floor,**

ਮੇਲ ਆਈ ਡੀ deosebathinda@punjab education.gov.in

ਵੱਲ,

ਸਮੂਹ ਸਕੂਲ ਮੁਖੀ,
ਸਸਸਸ/ਸਹਸ/ਸਮਿਸ,
ਜਿਲ੍ਹਾ ਬਠਿੰਡਾ।

ਪੱਤਰ ਨੰ: ਸਟੈਨੋ/ਜਿਸਿਅ ( ) 2023/157
ਮਿਤੀ: 21.03.2023

ਵਿਸ਼ਾ: ਭਾਰਤ ਨੈਟ (ਬੀ ਐਸ ਐਨ ਐਲ) ਦੀ ਵਰਤੋਂ ਸਬੰਧੀ

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵਲੋਂ ਭਾਰਤ ਨੈਟ ਤੇ ਲਗਭਗ ਵੀਹ ਹਜਾਰ ਕਰੋੜ ਦੀ ਲਾਗਤ ਨਾਲ ਪਿੰਡਾਂ ਵਿਚ ਨੈਟ ਦੀ ਸਹੂਲਤ ਦਿੱਤੀ ਗਈ ਹੈ। ਇਸ ਦਾ ਮੰਤਵ ਪਿੰਡ ਦੇ ਲੋਕਾਂ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਨੈਟ ਦੀ ਸਹੂਲਤ ਪ੍ਰਦਾਨ ਕਰਨਾ ਹੈ। ਇਸ ਸਹੂਲਤ ਅਨੁਸਾਰ ਪੰਜ-ਪੰਜ ਕੁਨੈਕਸ਼ਨ ਇੱਕ ਪਿੰਡ ਵਿਚ ਦਿੱਤੇ ਗਏ ਹਨ।

ਜੇਕਰ ਇਸ ਨੈਟ ਦਾ ਕੁਨੈਕਸ਼ਨ ਕਿਸੇ ਸਕੂਲ ਵਿਚ ਦਿੱਤਾ ਗਿਆ ਹੈ ਤਾਂ ਸਕੂਲ ਵਲੋਂ ਛੁੱਟੀ ਸਮੇਂ ਭਾਰਤ ਨੈਟ ਦੀ ਮਿਲੀ ਸਹੂਲਤ ਦੀ ਸਵਿੱਚ ਬੰਦ ਨਾ ਕੀਤੀ ਜਾਵੇ। ਨੈਟਵਰਕ ਬੰਦ ਹੋਣ ਕਾਰਨ ਪਿੰਡ ਵਾਸੀ ਅਤੇ ਵਿਦਿਆਰਥੀ ਇਸ ਸਹੂਲਤ ਤੋਂ ਵਾਂਝੇ ਹੋ ਜਾਂਦੇ ਹਨ। ਇਸ ਲਈ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੇ ਆਦੇਸ਼ਾਂ ਅਨੁਸਾਰ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵਲੋਂ ਅਜਿਹਾ ਨਾ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਇਸ ਸਹੂਲਤ ਦਾ ਲਾਭ ਮਿਲ ਸਕੇ।

ਉਕਤ ਤੋਂ ਇਲਾਵਾ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਭਾਰਤ ਨੈਟਵਰਕ ਵਲੋਂ ਨੈਟ ਸਬੰਧੀ ਕਿਸੇ ਕਿਸਮ ਦੀ ਦਿੱਕਤ/ਰੈਨੋਵੇਸ਼ਨ ਆਦਿ ਸਬੰਧੀ ਭਾਰਤ ਨੈਟ ਦੇ ਜੋ ਕਰਮਚਾਰੀ ਸਕੂਲ ਵਿਜਿਟ ਕਰਦੇ ਹਨ ਤਾਂ ਆਪ ਵਲੋਂ ਉਹਨਾਂ ਨੂੰ ਬਣਦਾ ਸਹਿਯੋਗ ਦਿੱਤਾ ਜਾਵੇ।

21/03/2023

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ।